**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 - 106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)
3. ਮੰਡਲ ਸਿੱਖਿਆ ਅਫਸਰ, ਨਾਭਾ/ਜਲੰਧਰ/ਫਰੀਦਕੋਟ

ਮੀਮੋ ਨੰ ਮੈਥ ਸੈੱਲ/ਸਸਅ/09/4781੍247855
ਮਿਤੀ ਚੰਡੀਗੜ੍ਹ 23 ਜੂਨ, 2009

ਵਿਸ਼ਾ ਮਹੀਨਾਵਾਰ ਟੈਸਟਾਂ ਦੇ ਅੰਕ ਸਾਲਾਨਾ ਪ੍ਰੀਖਿਆ ਵਿੱਚ ਜੋੜ੍ਹਣ ਬਾਰੇ

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਸਿੱਖਿਆ ਦੇ ਮਿਆਰ ਨੂੰ ਉੱਚਾ ਕਰਨ ਲਈ ਪੰਜਾਬ ਸਰਕਾਰ ਦੁਆਰਾ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਵੀਂ ਤੋਂ ਦਸਵੀਂ ਕਲਾਸਾਂ ਦੇ ਸਾਰੇ ਵਿਦਿਆਰਥੀਆਂ ਦਾ ਮੈਥ, ਸਾਇੰਸ, ਸੋਸ਼ਲ ਸਟੱਡੀਜ਼ ਅਤੇ ਅੰਗ੍ਰੇਜੀ ਅਤੇ ਪੰਜਵੀਂ ਕਲਾਸ ਲਈ ਮੈਥ, ਅੰਗ੍ਰੇਜੀ, ਇਨਵਾਇਰਨਮੈਂਟਲ ਸਾਇੰਸ ਅਤੇ ਪੰਜਾਬੀ ਦੇ ਮਹੀਨਾਵਾਰ ਟੈਸਟ ਲਏ ਜਾਣੇ ਹਨ । ਪਰੰਤੂ ਆਮ ਤੌਰ ਤੇ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਜਦੋਂ ਤੀਕ ਇਨ੍ਹਾਂ ਮਹੀਨਾਵਾਰ ਟੈਸਟਾਂ ਦੀ ਵੇਟੇਜ਼ ਸਾਲਾਨਾ ਪ੍ਰੀਖਿਆ ਵਿੱਚ ਨਹੀਂ ਦਿੱਤੀ ਜਾਂਦੀ ਤਾਂ ਇਨ੍ਹਾਂ ਟੈਸਟਾਂ ਨੂੰ ਗੰਭੀਰਤਾਂ ਨਾਲ ਨਹੀਂ ਲਿਆ ਜਾਂਦਾ । ਮਹੀਨਾਵਾਰ ਟੈਸਟਾਂ ਤੋ ਇਲਾਵਾ ਸਤੰਬਰ ਅਤੇ ਦਸੰਬਰ ਵਿੱਚ ਤਿਮਾਹੀ ਦੀ ਪ੍ਰੀਖਿਆ ਵੀ ਸਕੂਲਾਂ ਵਿੱਚ ਲਈ ਜਾਂਦੀ ਹੈ ।

3.0 ਇਸ ਸਾਰੇ ਮੁੱਦੇ ਨੂੰ ਮਹੀਨਾਵਾਰ ਮੀਟਿੰਗਾ ਦੌਰਾਨ ਵਿਚਾਰ ਵਟਾਂਦਰੇ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਸਾਲਾਨਾ ਪ੍ਰੀਖਿਆ ਵਿੱਚ ਪੰਜਵੀਂ, ਛੇਵੀਂ, ਸੱਤਵੀਂ ਅਤੇ ਨੌਵੀਂ ਕਲਾਸਾਂ ਲਈ ਮਹੀਨਾਵਾਰ ਟੈਸਟਾਂ ਦੀ ਵੇਟੇਜ਼ 10 ਪ੍ਰਤਿਸ਼ਤ, ਸਤੰਬਰ ਵਿੱਚ ਹੋਣ ਵਾਲੀ ਪ੍ਰੀਖਿਆ ਦੀ ਵੇਟੇਜ਼ 5 ਪ੍ਰਤਿਸ਼ਤ ਅਤੇ ਦਸੰਬਰ ਵਿੱਚ ਹੋਣ ਵਾਲੀ ਪ੍ਰੀਖਿਆ ਦਾ 5 ਪ੍ਰਤਿਸ਼ਤ

ਯਾਣੀ ਕਿ ਕੁੱਲ 20 ਪ੍ਰਤਿਸ਼ਤ ਵੇਟੇਜ਼ ਸਾਲਾਨਾ ਪ੍ਰੀਖਿਆ ਵਿੱਚ ਦਿੱਤੀ ਜਾਵੇਗੀ । ਮਾਰਚ ਮਹੀਨੇ ਵਿੱਚ ਹੋਣ ਵਾਲੀ ਪ੍ਰੀਖਿਆ ਦੇ ਅੰਕ ਸਿਰਫ 80 ਪ੍ਰਤਿਸ਼ਤ ਹੀ ਰਹਿ ਜਾਣਗੇ । ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਅੱਠਵੀਂ ਅਤੇ ਦਸਵੀਂ ਕਲਾਸਾਂ ਲਈ ਮਹੀਨਾਂਵਾਰ ਟੈਸਟ ਅਤੇ ਸਤੰਬਰ, ਦਸਬੰਰ ਵਿੱਚ ਹੋਣ ਵਾਲੀਆ ਤਿਮਾਹੀ ਪ੍ਰੀਖਿਆਵਾਂ ਦੀ ਸਾਲਾਨਾ ਪ੍ਰੀਖਿਆ ਵਿੱਚ ਕੋਈ ਵੇਟੇਜ਼ ਨਹੀਂ ਦਿੱਤੀ ਜਾਵੇਗੀ ।

4.0 ਸਾਰੇ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਲਿਖਿਆ ਜਾਂਦਾ ਹੈ ਕਿ ਇਸ ਬਾਰੇ ਸਕੂਲਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆ ਜਾਣ ਜੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ